ਦਫ਼ਤਰ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਮੈਜਿਸਟਰੇਟ,ਬਠਿੰਡਾ
Office of the Deputy Commissioner & Distt. Magistrate Bathinda
(ਵਿਕਾਸ ਸ਼ਾਖਾ)

ਵਿਸ਼ਾ: ਸਾਲ 2023 ਲਈ ਸ਼ਹੀਦ ਭਗਤ ਸਿੰਘ ਪੰਜਾਬ ਰਾਜ ਸਾਲਾਨਾ ਵਾਤਾਵਰਣ ਅਵਾਰਡ ਲਈ ਨਾਮਜ਼ਦਗੀਆਂ ਭੇਜਣ ਸਬੰਧੀ।

ਉਪਰੋਕਤ ਵਿਸ਼ਾ ਸਬੰਧੀ ਪੰਜਾਬ ਸਰਕਾਰ ਵਿਗਿਆਨ, ਤਕਨੀਕ ਅਤੇ ਵਾਤਾਵਰਣ ਵਿਭਾਗ (ਵਿ.ਤ.ਵ.ਸ਼ਾਖਾ) ਪੰਜਾਬ ਚੰਡੀਗੜ੍ਹ ਵੱਲੋਂ ਪ੍ਰਾਪਤ ਹੋਏ ਪੱਤਰ ਮੀਮੋ ਨੰ: 10/559/2022-STE1/433 ਮਿਤੀ, ਚੰਡੀਗੜ੍ਹ 03.11.2022 ਰਾਹੀਂ (ਕਾਪੀ ਨਾਲ ਨੱਥੀ) ਲਿਖਿਆ ਗਿਆ ਹੈ ਕਿ 5 ਜੂਨ, 2022 ਨੂੰ "ਵਿਸ਼ਵ ਵਾਤਾਵਰਣ ਦਿਵਸ" ਦੇ ਰਾਜ ਪੱਧਰੀ ਸਮਾਰੋਹ ਦੇ ਮੌਕੇ ਤੇ ਰਾਜ ਦੇ ਵਾਤਾਵਰਣ ਦੀ ਸੁਰੱਖਿਆ, ਕੁਦਰਤੀ ਸੋਮਿਆਂ ਦੀ ਸੰਭਾਲ ਅਤੇ ਟਿਕਾਊ ਵਿਕਾਸ ਲਈ ਸ਼ਾਨਦਾਰ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਨੂੰ ਮਾਨਤਾ ਦੇਣ ਅਤੇ ਉਤਸ਼ਾਹਿਤ ਕਰਨ ਦੇ ਮੰਤਵ ਨਾਲ "ਸ਼ਹੀਦ ਭਗਤ ਸਿੰਘ ਪੰਜਾਬ ਰਾਜ ਸਾਲਾਨਾ ਵਾਤਾਵਰਣ ਅਵਾਰਡ" ਸਥਾਪਤ ਕਰਨ ਦੀ ਘੋਸ਼ਣਾ ਕੀਤੀ ਗਈ ਸੀ। ਇਹ ਅਵਾਰਡ ਹਰ ਸਾਲ ਹੇਠ ਲਿਖੀਆਂ 4 ਸ਼੍ਰੇਣੀਆਂ ਵਿਚ ਅਤਿ ਉੱਤਮ ਅਤੇ ਅਸਧਾਰਨ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਨੂੰ ਦਿੱਤਾ ਜਾਣਾ ਹੈ:-

(ੳ) ਪਿੰਡ ਦੀ ਪੰਚਾਇਤ
(ਅ) ਸਰਕਾਰੀ/ਪ੍ਰਾਈਵੇਟ ਅਦਾਰੇ, ਵਿਦਿਅਕ ਸੰਸਥਾਵਾਂ ਜਿਵੇਂ ਕਿ ਸਕੂਲ, ਕਾਲਜ, ਯੂਨੀਵਰਸਿਟੀ
(ੲ) ਗੈਰ-ਸਰਕਾਰੀ ਸੰਸਥਾ (ਐਨ.ਜੀ.ਓ.) ਸਮਾਜਿਕ ਸੰਸਥਾ
(ਸ) ਉਦਯੋਗਿਕ ਅਦਾਰਾ ਹੇਠ ਲਿਖੀਆਂ

ਇਸ ਲਈ ਉਪਰੋਕਤ ਹਦਾਇਤਾਂ ਦੀ ਪਾਲਣਾ ਵਿਚ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ:-

1) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਠਿੰਡਾ
2) ਸਹਾਇਕ ਕਮਿਸ਼ਨਰ (ਜ) ਬਠਿੰਡਾ
3) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਬਠਿੰਡਾ
4) ਜ਼ਿਲ੍ਹਾ ਸਿੱਖਿਆ ਅਫਸਰ (ਸਕੈ)
5) ਕਾਰਜਕਾਰੀ ਇੰਜੀਨੀਅਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਬਠਿੰਡਾ (ਪੀ.ਪੀ.ਸੀ.ਬੀ.)

ਉਕਤ ਕਮੇਟੀ 1 ਹਫਤੇ ਦੇ ਅੰਦਰ ਅੰਦਰ ਆਪਣੀ ਰਿਪੋਰਟ ਸਮੇਤ ਸਿਫਾਰਸ਼ ਨਿਮਨਹਸਤਾਖਰ ਨੂੰ ਪੇਸ਼ ਕਰੇਗੀ।

ਡਿਪਟੀ ਕਮਿਸ਼ਨਰ
ਬਠਿੰਡਾ।

ਪ:ਅ:ਨੰ:19992–19993 ਤੋਂ ...ਐਮ.ਸੀ.। ਮਿਤੀ 20.12.2022

ਇਸਦਾ ਇੱਕ ਉਤਾਰਾ:-
1) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਠਿੰਡਾ
2) ਸਹਾਇਕ ਕਮਿਸ਼ਨਰ (ਜ) ਬਠਿੰਡਾ
3) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਬਠਿੰਡਾ
4) ਜ਼ਿਲ੍ਹਾ ਸਿੱਖਿਆ ਅਫਸਰ (ਸਕੈ) ਬਠਿੰਡਾ
5) ਕਾਰਜਕਾਰੀ ਇੰਜੀਨੀਅਰ ਪੰਜਾਬ ਪ੍ਰਦੂਸ਼ਣ ਬੋਰਡ ਬਠਿੰਡਾ (ਪੀ.ਪੀ.ਸੀ.ਬੀ.)
ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ ਪ੍ਰਾਪਤ ਹੋਏ ਪੱਤਰ ਮੀਮੋ ਨੰ: 10/559/2022-STE1/433 ਮਿਤੀ, ਚੰਡੀਗੜ੍ਹ 03.11.2022 ਦੀ ਕਾਪੀ ਅਤੇ ਹਦਾਇਤਾਂ।

ਡਿਪਟੀ ਕਮਿਸ਼ਨਰ
ਬਠਿੰਡਾ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪੱਤਰ ਨੰ : ਜੀ-1/1 ( ) 2023 / 1991 ਮਿਤੀ : 03/01/2023

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

3/1/23

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।